ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਦਿੱਲੀ ਆਫਤ ਪ੍ਰਬੰਧਨ ਅਥਾਰਟੀ

ਫਾ.ਨੰ. ਡੀ.ਡੀ.ਐਮ.ਏ./ਕੋਵਿਡ/2020/32 ਮਿਤੀ: 08/04/2020

**ਹੁਕਮ**

ਹੁਕਮ ਸੰਖਿਆ ਡੀ.ਡੀ.ਐਮ.ਏ./ਕੋਵਿਡ/2020/1/28 ਮਿਤੀ 07/04/2020 ਦੀ ਲਗਾਤਾਰਤਾ ਵਿਚ ਇਹ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਹਮਰੁਤਬਾ ਜ਼ਿਲ੍ਹਾ ਡਿਪਟੀ ਪੁਲਿਸ ਕਮਿਸ਼ਨਰ ਵੀ ਰਾਸ਼ਨ ਦੀਆਂ ਦੁਕਾਨਾਂ ਅਤੇ ਹੋਰ ਚੈਨਲਾਂ ਰਾਹੀਂ ਭੋਜਨ ਅਤੇ ਸਿਵਲ ਸਪਲਾਈ ਵਿਭਾਗ ਦੁਆਰਾ ਵੰਡੇ ਜਾ ਰਹੇ ਸੁੱਕੇ ਰਾਸ਼ਨ ਨਾਲ ਸੰਬੰਧਿਤ ਮਾਮਲਿਆਂ ਨੂੰ ਵੀ ਦੇਖਣਗੇ।

ਇਸੇ ਤਰ੍ਹਾਂ, ਜਿਸ ਤਰ੍ਹਾਂ ਉੱਤੇ ਦੱਸਿਆ ਗਿਆ ਹੈ, ਦਿੱਲੀ ਪੁਲਿਸ ਦੇ ਨੋਡਲ ਅਫਸਰਾਂ ਨੂੰ ਮਿਤੀ 07/04/2020 ਦੇ ਹੁਕਮਾਂ ਦੀ ਪਾਲਣਾ ਵਿਚ ਨਿਯੁਕਤ ਕੀਤਾ ਗਿਆ ਹੈ, ਜੋ ਪਾਰਦਰਸ਼ਤਾ ਨੂੰ ਉੱਚੇ ਮਿਆਰ 'ਤੇ ਕਾਇਮ ਰੱਖਣ ਦੇ ਤਸੱਲੀਬਖਸ਼ ਮਤੇ ਲਈ ਸੰਬੰਧਿਤ ਇਨਸੀਡੈਂਟ ਕਮਾਂਡਰ ਦੇ ਤਾਲਮੇਲ ਨਾਲ ਸੁੱਕੇ ਰਾਸ਼ਨ ਦੀ ਵੰਡ ਦੇ ਸੰਬੰਧ ਵਿਚ ਵੱਖ-ਵੱਖ ਪੁਲਿਸ ਚੈਨਲਾਂ ਜਿਵੇਂ ਹੈਲਪਲਾਈਨ/ ਪੀ.ਸੀ.ਆਰ./ ਬੀਟ ਪੁਲਿਸਿੰਗ ਸਿਸਟਮ/ ਪੁਲਿਸ ਸਟੇਸ਼ਨ/ ਚੌਕੀ/ ਵਿਸ਼ੇਸ਼ ਸ਼ਾਖਾ ਆਦਿ ਰਾਹੀਂ ਪ੍ਰਾਪਤ ਹੋਣ ਵਾਲੀਆਂ ਬੇਨਤੀਆਂ/ਮੰਗਾਂ ਜਾਂ ਸ਼ਿਕਾਇਤਾਂ ਬਾਰੇ ਜਾਣਕਾਰੀ ਇਕੱਠੀ ਕਰਨਗੇ।

ਸੁੱਕੇ ਰਾਸ਼ਨ ਦੀ ਵੰਡ ਨਾਲ ਸੰਬੰਧਿਤ ਸ਼ਿਕਾਇਤਾਂ ਜਿਨ੍ਹਾਂ ਦਾ ਹੱਲ ਨਹੀਂ ਕੱਢਿਆ ਜਾ ਸਕਿਆ ਉਨ੍ਹਾਂ ਉੱਤੇ ਫੀਡਬੈਕ ਜਾਣਕਾਰੀ ਜ਼ਿਲ੍ਹਾ ਦਿੱਲੀ ਆਫਤ ਪ੍ਰਬੰਧਨ ਅਥਾਰਿਟੀਆਂ ਦੀ ਬੈਠਕਾਂ 'ਚ ਵਿਚਾਰ ਕਰਨ ਲਈ ਰੱਖੀ ਜਾਵੇ।

ਇਹ ਹੁਕਮ 14/04/2020 ਦੀ ਅੱਧੀ ਰਾਤ ਤਕ ਲਾਗੂ ਰਹੇਗਾ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਪਾਲਣਾ ਲਈ ਨਕਲ :

1. ਪੁਲਿਸ ਕਮਿਸ਼ਨਰ, ਦਿੱਲੀ।
2. ਸਾਰੇ ਜ਼ਿਲ੍ਹਾ ਮੈਜਿਸਟ੍ਰੇਟ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
3. ਸਾਰੇ ਜ਼ਿਲ੍ਹਾ ਡਿਪਟੀ ਪੁਲਿਸ ਕਮਿਸ਼ਨਰ, ਦਿੱਲੀ।

ਸੂਚਨਾ ਲਈ ਨਕਲ :

1. ਰਾਜਪਾਲ, ਦਿੱਲੀ ਦੇ ਪ੍ਰਮੁੱਖ ਸਕੱਤਰ।
2. ਮਾਣਯੋਗ ਮੁੱਖ ਮੰਤਰੀ, ਦਿੱਲੀ ਦੇ ਵਧੀਕ ਸਕੱਤਰ

3. ਮਾਣਯੋਗ ਉਪ-ਮੁੱਖਮੰਤਰੀ, ਦਿੱਲੀ ਦੇ ਸਕੱਤਰ

4. ਪ੍ਰਮੁੱਖ ਸਕੱਤਰ, ਸ਼ਹਿਰੀ ਵਿਕਾਸ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

5. ਡੀ.ਡੀ.ਐਮ.ਏ. ਦੀ ਰਾਜ ਕਾਰਜਕਾਰੀ ਕਮੇਟੀ ਦੇ ਸਾਰੇ ਮੈਂਬਰ।

6. ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਡਾਇਰੈਕਟੋਰੇਟ, ਦਿੱਲੀ ਨੂੰ ਵਿਆਪਕ ਪ੍ਰਚਾਰ ਲਈ।

7. ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ।